# ਬੱਚਿਆਂ ਲਈ ਬਾਈਬਲ

ਉੱਪਸਥਿਤ

## ਮਨੁੱਖ ਦੇ ਦੁੱਖਾਂ ਦੀ ਸ਼ੁਰੂਆਤ।



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus Alastair Paterson

ਦੁਆਰਾ ਬਦਲਿਆ ਗਿਆ : M. Maillot; Tammy S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪਰਮੇਸ਼ਵਰ ਨੇ ਸਭ ਕੁੱਝ ਬਣਾਇਆ ! ਜਦ
ਪਰਮੇਸ਼ਵਰ ਨੇ ਪਹਿਲਾਂ ਮਨੁੱਖ ਆਦਮ ਬਣਾਇਆ,
ਉਹ ਅਦਨ ਦੇ ਬਾਗ ਵਿੱਚ ਆਪਣੀ ਪਤਨੀ
ਹਵਾ ਨਾਲ ਰਹਿੰਦਾ ਸੀ। ਉਹ ਪੂਰਨ ਖੁਸ਼ੀ ਨਾਲ
ਪਰਮੇਸ਼ਵਰ ਦੀ ਆਗਿਆ ਦਾ
ਪਾਲਣ ਕਰਦੇ ਸਨ, ਅਤੇ ਉਸਦੀ
ਮੌਜੂਦਗੀ ਦਾ ਅਨੰਦ
ਉਸ ਦਿਨ ਤੱਕ
ਉਠਾਉਦੇ ਰਹੇ ...



ਕੀ ਪਰਮੇਸ਼ਵਰ ਨੇ ਸੱਚ ਮੁੱਚ ਆਖਿਆ ਹੈ ਕਿ ਕਿਸੇ ਦਰਖਤ ਤੋ ਤੁਸੀ ਨਾ ਖਾਓ, ਸੱਪ ਨੇ ਹਵਾ ਨੂੰ ਪੁੱਛਿਆਂ। ਅਸੀ ਹਰ ਫ਼ਲ ਖਾ ਸਕਦੇ ਹਾਂ, ਪਰ ਇੱਕ ਨਹੀ, ਔਰਤ ਨੇ ਆਖਿਆ।ਜੇਕਰ ਅਸੀ ਉਸਨੂੰ ਖਾਵਾਂਗੇ ਜਾਂ ਉਸਨੂੰ ਛੁਹਾਗੇ ਤਾਂ ਅਸੀ ਮਰ ਜਾਵਾਂਗੇ। ਤੁਸੀ ਨਹੀ ਮਰੋਗੇ, ਸੱਪ ਨੇ ਮੁਰਖਤਾਂ ਵਾਲੀ ਮੁਸਕਰਾਹਟ ਦਿੱਤੀ। ਤੁਸੀ ਪਰਮੇਸ਼ਵਰ ਵਾਂਗੂ ਹੋ ਜਾਓਗੇ। ਹਵਾ ਉਸ ਦਰਖਤ ਦੇ ਫਲ ਨੂੰ ਚਾਹੁੰਦੀ ਸੀ। ਉਸਨੇ ਸੱਪ ਦੀ ਗੱਲ ਨੂੰ ਸੁਨਿਆਂ ਅਤੇ ਫਲ ਨੂੰ ਖਾ ਲਿਆ।

ਪਰਮੇਸ਼ਵਰ ਦੀ ਆਗਿਆ ਦੀ ਉਲੰਘਣਾ ਕਰਨ
ਤੋ ਬਾਅਦ ਉਸਨੇ ਆਦਮ ਨੂੰ ਪ੍ਰਭਾਵਿਤ ਕੀਤਾ,
ਅਤੇ ਉਸਨੇ ਫਲ ਖਾਦਾ। ਆਦਮ ਉਸਨੂੰ ਕਹਿ
ਸਕਦਾ ਸੀ, ਨਹੀ।ਮੈ ਪਰਮੇਸ਼ਵਰ ਦੀ ਆਗਿਆ
ਦੀ ਉਲਘਣਾ
ਨਹੀ ਕਰਾਂਗਾ।





ਜੰਦ

ਆਦਮ ਅਤੇ ਹਵਾ

ਨੇ ਪਾਪ ਕੀਤਾ ਤਾਂ ਉਹ ਦੋਵੇ ਜਾਣ ਗਏ ਕਿ ਉਹ

ਨੰਗੇ ਹਨ।ਸੋ ਉਨ੍ਹਾਂ ਨੇ ਗੁੱਲਰ ਦੇ ਪੱਤੇ ਸਿਓ ਕੇ ਆਪਣੇ ਲਈ

ਤਹਿਮਦ ਬਣਾਏ। ਤਾਂ ਉਨ੍ਹਾਂ ਆਪਣੇ ਆਪ ਨੂੰ ਢਕਿਆਂ ਅਤੇ ਆਪਣੇ

ਆਪ ਨੂੰ ਝਾੜੀਆਂ ਪਿੱਛੇ ਪਰਮੇਸ਼ਵਰ ਦੇ ਸਾਹਮਣੇਓ ਲੁਕਾਇਆ।



ਸ਼ਾਮ ਦੇ ਠੰਡੇ ਵੇਲੇ ਜਦ ਪਰਮੇਸ਼ਵਰ ਬਾਗ ਵਿੱਚ ਆਇਆ। ਉਹ ਜਾਣਦਾ ਸੀ ਕਿ ਆਦਮ ਅਤੇ ਹਵਾ ਨੇਕੀ ਕੀਤਾ ਹੈ। ਆਦਮ ਨੇ ਹਵਾ ਨੂੰ ਦੋਸ਼ੀ ਠਹਿਰਾਇਆ। ਹਵਾ ਨੇ ਸੱਪ ਨੂੰ ਦੋਸ਼ੀ ਠਹਿਰਾਇਆ। ਪਰਮੇਸ਼ਵਰ ਨੇ ਕਿਹਾ ਸੱਪ ਤੂੰ ਸ਼ਰਾਪਿਤ ਹੈ। ਅਤੇ ਔਰਤ ਜਦ ਬੱਚੇ ਨੂੰ ਜਨਮ ਦੇਵੇਗੀ, ਤਦ ਉਸ ਨੂੰ ਪੀੜਾ ਹੋਵੇਗੀ। ਆਦਮ ਕਿਉਕਿ ਤੂੰ ਪਾਪ ਕੀਤਾ ਹੈ, ਧਰਤੀ ਸੋਕੇ ਅਤੇ ਕੰਡੇਦਾਰ ਝਾੜੀਆਂ ਨਾਲ ਸ਼ਰਾਪਿਤ ਹੈ।

ਤੂੰ ਆਪਣੀ ਰੋਜ਼ ਦੀ ਰੋਟੀ ਲਈ
ਸਖ਼ਤ ਮਿਹਨਤ ਕਰੇਗਾ ਅਤੇ
ਆਪਣਾ ਪਸੀਨਾ ਬਹਾਵੇਗਾ।



ਪਰਮੇਸ਼ਵਰ ਨੇ ਆਦਮ ਅਤੇ ਹਵਾ ਨੂੰ ਖੂਬਸੂਰਤ
ਬਾਗ ਵਿਚੋ ਕੱਢ ਦਿੱਤਾ। ਕਿਉਕਿ ਉਨ੍ਹਾਂ ਨੇ
ਪਾਪ ਕੀਤਾ ਸੀ, ਅਤੇ ਜਿੰਦਗੀ ਦੇਣ ਵਾਲੇ
ਪਰਮੇਸ਼ਵਰ ਤੋ ਅਲੱਗ ਹੋ ਗਏ ਸਨ।



ਪਰਮੇਸ਼ਵਰ ਨੇ ਉਨ੍ਹਾਂ ਉਸ ਤੋ ਦੂਰ ਰੱਖਣ ਲਈ
ਇੱਕ ਖੰਡੇ ਦੀ ਲਸ਼ਕ ਨੂੰ ਰੱਖਿਆ। ਪਰਮੇਸ਼ਵਰ
ਨੇ ਆਦਮ ਅਤੇ ਹਵਾ ਲਈ ਚਮੜੇ ਦੇ
ਚੋਲੇ ਬਣਾਏ।ਪਰਮੇਸ਼ਵਰ
ਨੇ ਉਹ ਚਮੜਾ
ਕਿੱਥੋ ਲਿਆ।

ਉਸ ਸਮੇ ਦੇ ਦੌਰਾਨ ਆਦਮ ਅਤੇ ਹਵਾ ਦਾ ਪਰਿਵਾਰ ਅੱਗੇ ਵਧਿਆਂ। ਉਨ੍ਹਾਂ ਦਾ ਪਹਿਲਾਂ ਪੁੱਤਰ ਕਾਇਨ ਜੋ ਜਮੀਨ ਦਾ ਹਾਲੀ ਸੀ। ਉਨ੍ਹਾਂ ਦਾ ਦੂਸਰਾ ਹਾਬੇਲ ਜੋ ਇੱਜੜਾਂ ਦਾ ਅਯਾਲੀ ਸੀ। ਇੱਕ ਦਿਨ ਕਾਇਨ ਪਰਮੇਸ਼ਵਰ ਲਈ ਜ਼ਮੀਨ ਦੇ ਫ਼ਲਾ ਵਿੱਚੋ ਤ਼ੋਹਫ਼ਾ ਲੈ ਕੇ ਆਇਆ, ਅਤੇ ਹਾਬੇਲ ਵੀ ਆਪਣੀਆਂ ਭੇਢਾਂ ਦੇ ਇੱਜੜ ਵਿੱਚੋ ਵਧੀਆਂ ਤੋਹਫ਼ਾ ਪਰਮੇਸ਼ਵਰ ਲਈ ਲੈ ਕੇ ਆਇਆ। ਪਰਮੇਸ਼ਵਰ ਹਾਬੇਲ ਦੇ ਤੋਹਫ਼ੇ ਤੋ ਪ੍ਰਸੰਨ ਹੋਇਆ।



ਪਰਮੇਸ਼ਵਰ ਕਾਇਨ ਦੇ ਤੋਹਫ਼ੇ ਤੋ ਪ੍ਰਸੰਨ ਨਹੀ ਸੀ। ਕਾਇਨ ਨੂੰ ਬਹੁਤ ਗੁੱਸਾ ਆਇਆ। ਪਰ ਪਰਮੇਸ਼ਵਰ ਨੇ ਕਿਹਾ, ਜ਼ੇਕਰ ਤੂੰ ਭਲਾ ਕਰਦਾ ਤਾਂ ਕਿ ਤੂੰ ਸਵੀਕਾਰ ਨਾ ਕੀਤਾ ਜਾਂਦਾ।



ਕਾਇਨ ਦਾ ਗੁੱਸਾ ਜਾਂਦਾ ਨਾ ਰਿਹਾ। ਕੁੱਝ ਸਮੇ ਬਾਅਦ ਖੇਤ ਵਿੱਚ ਉਸਨੇ ਹਾਬੇਲ ਤੇ ਹਮਲਾ ਕੀਤਾ ਅਤੇ ਉਸਨੂੰ ਮਾਰ ਦਿੱਤਾ !



ਤਾਂ ਪਰਮੇਸ਼ਵਰ ਨੇ ਕਾਇਨ ਨੂੰ ਆਖਿਆ ਤੇਰਾ ਭਰਾਂ ਹਾਬੇਲ ਕਿੱਥੇ
ਹੈ ਕਾਇਨ ਨੇ ਝੂਠ ਬੋਲਿਆ ਮੈ ਨਹੀ ਜਾਣਦਾ। ਭਲਾ ਮੈ
ਆਪਣੇ ਭਰਾਂ ਦਾ ਰਾਖਾ ਹਾਂ ! ਤਾਂ ਪਰਮ੍ਰੇਸ਼ਵਰ ਨੇ
ਕਾਇਨ ਨੂੰ ਸਜਾ ਦਿੱਤੀ ਕਿ ਉਸਦੀ ਖੇਤੀ
ਦੀ ਯੋਗਤਾ ਲੈ ਲਈ ਅਤੇ ਉਸਨੂੰ ਧਰਤੀ
ਤੇ ਭਗੋੜਾ ਅਤੇ ਭੋਦੂ ਬਣਾ ਦਿੱਤਾ।



ਕਾਇਨ ਪਰਮੇਸ਼ਵਰ ਦੇ ਸਾਹਮਣੇਓ ਚਲਾ ਗਿਆ। ਉਸਨੇ ਆਦਮ ਅਤੇ ਹਵਾ ਦੀ ਪੁਤਰੀ ਨਾਲ ਵਿਆਹ ਕੀਤਾ। ਅਤੇ ਆਪਣੇ ਪਰਿਵਾਰ ਨੂੰ ਵਧਾਇਆ। ਜਲਦ ਹੀ ਕਾਇਨ ਦੇ ਪੋਤੇ ਪੋਤੀਆਂ ਉਨ੍ਹਾਂ ਦੇ ਪੋਤੇ ਪੋਤੀਆਂ ਨੇ ਸ਼ਹਿਰ ਨੂੰ ਭਰ ਦਿੱਤਾ।ਜਿਸਦੀ ਉਸਨੇ ਸਥਾਪਨਾ ਕੀਤੀ ਸੀ।



ਭਾਵ ਹੈ ਕਿ ਆਦਮ ਅਤੇ ਹਵਾ ਦੇ ਪਰਿਵਾਰ ਨੇ ਬਹੁਤ ਜਲਦੀ ਵਿਕਾਸ ਕੀਤਾ।ਉਨ੍ਹਾਂ ਦਿਨਾਂ ਵਿੱਚ ਲੋਕ ਅੱਜ ਨਾਲੋਂ ਲੰਮੀ ਜ਼ਿੰਦਗੀ ਜਿਊਦੇ ਸੀ।



ਜਦ ਉਸਦਾ ਬੇਟਾ ਸੇਥ ਪੈਦਾ ਹੋਇਆ ਤਦ ਹਵਾ ਨੇ ਕਿਹਾ ਪਰਮੇਸ਼ਵਰ ਨੇ ਹਾਬੇਲ ਦੀ ਥਾਂ ਮੈਨੂੰ ਸੇਥ ਦਿੱਤਾ। ਸੇਥ ਪਰਮੇਸ਼ਵਰ ਵਿੱਚ ਚੱਲਣ ਵਾਲਾ ਮਨੁੱਖ ਸੀ ਉਹ 912 ਸਾਲ ਤੱਕ ਜਿਊਦਾ ਰਿਹਾ ਅਤੇ ਉਸਦੇ ਬਹੁਤ ਬੱਚੇ ਹੋਏ।




ਸੰਸਾਰ ਵਿੱਚ ਮਨੁੱਖ ਪੀੜੀ ਦਰ ਪੀੜੀ ਦੁਸ਼ਟਤਾਂ ਵਿੱਚ ਵਧਦੇ ਹੀ
ਵੱਧਦੇ ਚਲੇ ਗਏ। ਅੰਤ ਵਿੱਚ ਪਰਮੇਸ਼ਵਰ ਨੇ ਮਨੁੱਖਤਾ
ਨੂੰ ਨਸ਼ਟ ਕਰਨ ਦਾ ਨਿਸ਼ਚਿਤ ਕੀਤਾ ਸਾਰੇ ਜਾਨਵਰਾਂ
ਅਤੇ ਪੰਛੀਆਂ। ਪਰਮੇਸ਼ਵਰ ਨੂੰ ਰੰਝ ਹੋਇਆ ਕਿ
ਉਸਨੇ ਮਨੁੱਖ ਬਣਾਇਆ। ਪਰ ਇੱਕ ਮਨੁੱਖ
ਨੇ ਉਸਨੂੰ ਪ੍ਰਸੰਨ ਕੀਤਾ ...


ਇਹ ਮਨੁੱਖ ਨੂੰਹ ਸੀ। ਇਹ ਸੇਥ ਦੀ ਵੰਸ਼ਾਂਵਲੀ ਤੋ ਸੀ। ਨੂੰਹ
ਇੱਕ ਧਾਰਮਿਕ ਅਤੇ ਨਿਰਦੋਸ਼ ਮਨੁੱਖ। ਸੀ ਉਹ ਪਰਮੇਸ਼ਵਰ ਨਾਲ
ਚੱਲਦਾ ਸੀ। ਉਸਨੇ ਆਪਣੇ ਪੁੱਤਰਾਂ ਨੂੰ ਵੀ ਪਰਮੇਸ਼ਵਰ ਦੀ
ਆਗਿਆ ਵਿੱਚ ਰਹਿਣਾ ਸਿਖਾਇਆ।ਹੁਣ ਪਰਮੇਸ਼ਵਰ
ਆਖਿਆ ਕਿ ਓਹ ਨੇ ਵਿਸ਼ੇਸ਼ ਯੋਜਨਾ ਲਈ
ਅਤੇ ਅਨੋਖੇ ਤਰੀਕੇ ਨਾਲ ਨੂੰਹ ਨੂੰ
ਇਸਤੇਮਾਲ ਕਰੇਗਾ।

ਮਨੁੱਖ ਦੇ ਦੁੱਖਾਂ ਦੀ ਸੁਰੂਆਤ।

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉਤਪਤ 3-6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜ਼ੀਲ 3:16